ਨੰ: 6/26/2011-6ਪੀ.ਪੀ.3/2046

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪੀ.ਪੀ.3 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰਜ਼,
ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ
ਉੱਪ ਮੰਡਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 22-12-2011

ਵਿਸ਼ਾ: ਸਰਕਾਰੀ ਇਸਤਰੀ ਕਰਮਚਾਰਨਾ ਲਈ ਚਾਈਲਡ ਕੇਅਰ ਲੀਵ ਦਾ ਉਪਬੰਧ ਕਰਨ ਬਾਰੇ।

*******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਮੈ ਆਪ ਦਾ ਧਿਆਨ ਉਪਰੋਕਤ ਵਿਸੇ ਵੱਲ ਦਿਵਾਉਂਦੇ ਹੋਏ ਆਪ ਨੂੰ ਸੂਚਿਤ ਕਰਾਂ ਕਿ ਸਰਕਾਰੀ ਇਸਤਰੀ ਕਰਮਚਾਰਨਾ ਨੂੰ ਚਾਈਲਡ ਕੇਅਰ ਲੀਵ ਦੇਣ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਰਿਹਾ ਹੈ ਅਤੇ ਇਸ ਮਾਮਲੇ ਉਤੇ ਵੇਰਵੇ ਸਹਿਤ ਵਿਚਾਰ ਕਰਨ ਉਪਰੰਤ ਪੰਜਾਬ ਸਰਕਾਰ ਵਲੋਂ ਸਰਕਾਰੀ ਇਸਤਰੀ ਕਰਮਚਾਰੀਆਂ ਲਈ ਇਹ ਛੁੱਟੀ ਨਿਮਨ ਲਿਖਤ ਅਨੁਸਾਰ ਪ੍ਰਵਾਨ ਕੀਤੀ ਗਈ ਹੈ :-

ੳ) ਉਹ ਸਰਕਾਰੀ ਇਸਤਰੀ ਕਰਮਚਾਰਨਾ ਜਿਨ੍ਹਾਂ ਦੇ ਬੱਚੇ ਨਾਬਾਲਿਗ ( 18 ਸਾਲ ਤੋਂ ਘੱਟ ) ਹੋਣ, ਸਾਰੀ ਸੇਵਾ ਦੌਰਾਨ ਵੱਧ ਤੋ ਵੱਧ ਇੱਕ ਸਾਲ (365 ਦਿਨ) ਦੀ ਚਾਈਲਡ ਕੇਅਰ ਲੀਵ ਲੈ ਸਕਣਗੇ ।

ਅ) ਇਹ ਛੁੱਟੀ ਵੱਧ ਤੋਂ ਵੱਧ ਦੋ ਬੱਚਿਆ ਤੱਕ ਦੀ ਦੇਖਭਾਲ ਕਰਨ ਅਤੇ ਉਨ੍ਹਾਂ ਦੀਆਂ ਜਰੂਰਤਾਂ ਲਈ ਜਿਵੇਂ ਕਿ ਪ੍ਰੀਖਿਆ ਦੇਣ ਲਈ ਜਾਂ ਬਿਮਾਰੀ ਆਦਿ ਦੀ ਸੂਰਤ ਵਿੱਚ ਲੈ ਸਕਣਗੇ। ਇਸ ਸਬੰਧੀ ਡਾਕੂਮੈਂਟਰੀ ਸਬੂਤ ਵੀ ਪੇਸ ਕਰਨਾ ਹੋਵੇਗਾ।

ੲ) ਇਸ ਛੁੱਟੀ ਦੌਰਾਨ, ਕਮਾਈ ਛੁੱਟੀ ਦੇ ਕੇਸਾਂ ਅਨੁਸਾਰ, ਬਣਦੀ ਯੋਗ ਲੀਵ ਸੈਲਰੀ ਐਡਮਿਸੀਬਲ ( admissible) ਹੋਵੇਗੀ।

ਸ) ਅਜਿਹੀ ਛੁੱਟੀ ਇਕ ਤੋ ਵੱਧ Spell ਵਿੱਚ ਮਾਣੀ ਜਾ ਸਕੇਗੀ, ਪਰ ਇਕ ਕੈਲੰਡਰ ਸਾਲ ਵਿੱਚ 3 Spell ਤੋਂ ਵੱਧ ਛੁੱਟੀ ਨਹੀ ਦਿੱਤੀ ਜਾਵੇਗੀ।

ਹ) ਇਹ ਛੁੱਟੀ 15 ਦਿਨਾਂ ਤੋਂ ਘੱਟ ਨਹੀ ਦਿੱਤੀ ਜਾਵੇਗੀ।

ਕ) ਜੇਕਰ ਕੋਈ ਇਸਤਰੀ ਕਰਮਚਾਰਨ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿੰਦੀ ਹੈ ਅਤੇ ਚਾਈਲਡ ਕੇਅਰ ਲੀਵ (CCL) ਦੇਣ ਲਈ ਬੇਨਤੀ ਕਰਦੀ ਹੈ ਤਾਂ ਉਸ ਨੂੰ ਕਿਸੇ ਵੀ ਹਾਲਤ ਵਿੱਚ ਇਸ ਛੁੱਟੀ ਦਾ ਲਾਭ ਨਹੀ ਦਿੱਤਾ ਜਾਵੇਗਾ।

ਖ) ਇਹ ਛੁੱਟੀ ਲੀਵ ਅਕਾਂਉਟ ਨੂੰ ਡੈਬਿਟ ਨਹੀ ਹੋਵੇਗੀ, ਪਰ ਇਸ ਛੁੱਟੀ ਸਬੰਧੀ ਛੁੱਟੀਆਂ ਦਾ ਖਾਤਾ ਨਿਰਧਾਰਤ ਪ੍ਰਫਾਰਮੇ (ਕਾਪੀ ਨੱਥੀ) ਅਨੁਸਾਰ ਮੈਨਟੇਨ ਕੀਤਾ ਜਾਵੇ ਅਤੇ ਇਸ ਦਾ ਸਬੰਧਤ ਕਰਮਚਾਰਨ ਦੀ ਸੇਵਾ ਪਤੱਰੀ ਵਿੱਚ ਇੰਦਰਾਜ ਵੀ ਕੀਤਾ ਜਾਵੇ।

ਗ) ਇਹ ਛੁੱਟੀ ਪੰਜਾਬ ਸਿਵਲ ਸੇਵਾਵਾਂ ਜਿਲਦ-1, ਭਾਗ 1 ਦੇ ਰੂਲ 8.15 ਦੇ ਉਪਬੱਧਾਂ ਦੇ ਸਨਮੁੱਖ ਇੱਕ ਹੱਕ ਵਜੋਂ ਕਲੇਮ ਨਹੀ ਕੀਤੀ ਜਾ ਸਕੇਗੀ।

ਘ) ਇਹ ਛੁੱਟੀ ਕਮਾਈ ਛੁੱਟੀ ਦੀ ਤਰਾਂ ਹੀ ਮਨਜ਼ੂਰ ਕੀਤੀ ਜਾਣੀ ਹੈ। ਇਸ ਦੀ ਪੂਰਵ ਪ੍ਰਵਾਨਗੀ ਸਮਰੱਥ ਅਥਾਰਟੀ ਪਾਸੋਂ ਪ੍ਰਾਪਤ ਕੀਤੀ ਜਾਵੇਗੀ।

ਙ) ਸਮਰੱਥ ਅਧਿਕਾਰੀ ਵਲੋਂ ਲੋਕ ਹਿੱਤ ਵਿੱਚ ਇਹ ਛੁੱਟੀ ਨਾ-ਮੰਜੂਰ ਕੀਤੀ ਜਾ ਸਕਦੀ ਹੈ ਅਤੇ ਪਹਿਲਾਂ ਮੰਨਜੂਰ ਕੀਤੀ ਛੁੱਟੀ ਕੈਂਸਲ ਵੀ ਕੀਤੀ ਜਾ ਸਕਦੀ ਹੈ।

ਐਪਰ ਨਿਮਨ ਲਿਖਤ ਸ੍ਰੇਣੀਆਂ ਦੀਆਂ ਕਰਮਚਾਰਨਾ ਇਸ ਛੁੱਟੀ ਦੀਆਂ ਹੱਕਦਾਰ ਨਹੀ ਹੋਣਗੀਆਂ:-

1) ਜਿਨਾਂ ਵਿਰੁੱਧ ਅਨੁਸਾਸਨੀ ਕਾਰਵਾਈ ਚੱਲ ਰਹੀ ਹੈ ਜਾਂ ਉਹ ਮੁੱਅਤਲੀ ਅਧੀਨ ਹਨ।

2) ਜਿਹੜੇ ਪਰੋਬੇਸਨ ਪੀਰੀਅਡ ਅਧੀਨ ਹਨ, ਪਰ ਜੇਕਰ ਕਿਸੇ ਅਜਿਹੇ ਮੈਡੀਕਲ ਕਾਰਨਾ ਕਾਰਨ ਜਿਥੇ minor children ਦੀ ਦੇਖਭਾਲ ਦੀ ਤੁਰੰਤ ਜਰੂਰਤ ਹੋਵੇ ਤਾਂ ਛੁੱਟੀ ਮੰਜੂਰ ਕਰਤਾ ਅਧਿਕਾਰੀ ਵਲੋਂ ਕਰਮਚਾਰਨ ਦੀ ਬੇਨਤੀ ਤੇ ਮੈਰਿਟ ਤੇ ਵਿਚਾਰ ਕਰਦੇ ਹੋਏ ਚਾਈਲਡ ਕੇਅਰ ਲੀਵ ਇਸ ਸਰਤ ਤੇ ਮੰਜੂਰ ਕੀਤੀ ਜਾ ਸਕਦੀ ਹੈ ਪਰ ਮੈਡੀਕਲ ਸਰਟੀਫਿਕੇਟ ਘਟੋਂ ਘੱਟ ਸਿਵਲ ਸਰਜਨ ਤੋਂ ਪ੍ਰਤੀ ਹਸਤਾਖਰਤ ਹੋਵੇ।

3) ਜਿਹੜੇ ਦਿਹਾੜੀਦਾਰ/ਵਰਕਚਾਰਜਡ/ਕੰਟਰੈਕਟ ਦੇ ਆਧਾਰ ਤੇ ਨਿਯੁਕਤ ਹਨ।

2. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

3. ਇਹ ਪਤੱਰ ਵਿੱਤ ਵਿਭਾਗ ਦੀ ਪ੍ਰਵਾਨਗੀ ਜੋ ਉਨ੍ਹਾਂ ਦੇ ਅਂ:ਵਿ:ਪੱ:ਨੰ:1/28/2009-3ਵਿਪ੍2/ਸਪੈਸ਼ਲ ਮਿਤੀ 22-12-2011 ਰਾਂਹੀ ਪ੍ਰਾਪਤ ਹੋਈ ਹੈ, ਉਪਰੰਤ ਜਾਰੀ ਕੀਤਾ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ .

ਅਧੀਨ ਸੁਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,
ਪੰਜਾਬ ।

ਅੰ.ਵਿ.ਪੱ.ਨੰ: 6/26/2011-6ਪੀ.ਪੀ.3/2047 ਮਿਤੀ, ਚੰਡੀਗੜ੍ਹ: 22-12-2011
ਪਿੱ.ਅੰ.ਨੰ: 6/26/2011-6ਪੀ.ਪੀ.3/2048 ਮਿਤੀ, ਚੰਡੀਗੜ੍ਹ: 22-12-2011

ਇਸ ਦਾ ਇਕ ਉਤਾਰਾ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਸਾਰੇ ਬੋਰਡਾਂ/ਕਾਰਪੋਰੇਸ਼ਨਾਂ ਆਦਿ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਅਧੀਨ ਸੁਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਵਿੱਤ ਵਿਭਾਗ, ਪੰਜਾਬ (ਵਿੱਤ ਪ੍ਰਸੋਨਲ-2 ਸਾਖਾ) ਨੂੰ ਉਨ੍ਹਾਂ ਦੇ ਅੰ:ਵਿ:ਪੱ:ਨੰ:1/28/2009-3ਵਿਪ੍ਰ2/ਸਪੈਸ਼ਲ ਮਿਤੀ 22-12-2011 ਦੇ ਹਵਾਲੇ ਵਿੱਚ ਸਬੰਧਤ ਨਿਯਮਾਂ ਵਿੱਚ ਸੋਧ ਕਰਨ ਲਈ ਭੇਜਿਆ ਜਾਂਦਾ ਹੈ ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ,
(ਵਿੱਤ ਪ੍ਰਸੋਨਲ-2 ਸ਼ਾਖਾ) ।

ਅੰ.ਵਿ.ਪੱ.ਨੰ: 6/26/2011-6ਪੀ.ਪੀ.3/2049 ਮਿਤੀ, ਚੰਡੀਗੜ੍ਹ:22-12-2011

ਇਸ ਦਾ ਇਕ ਉਤਾਰਾ ਸੁਪਰਡੰਟ, ਮੰਤਰੀ ਮੰਡਲ ਮਾਮਲੇ ਸਾਖਾ,ਪੰਜਾਬ ਨੂੰ ਉਨ੍ਹਾਂ ਦੇ ਅੰ.ਵਿ.ਪੱ.ਨੰ:1/305/2011-1ਕੈਬਨਿਟ/6889 ਮਿਤੀ 4-11-2011 ਦੇ ਹਵਾਲੇ ਵਿੱਚ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਅਧੀਨ ਸੁਕੱਤਰ ਪ੍ਰਸੋਨਲ

ਸੇਵਾ ਵਿਖੇ

ਸੁਪਰਡੰਟ,
ਮੰਤਰੀ ਮੰਡਲ ਮਾਮਲੇ ਸਾਖਾ ।

ਅੰ.ਵਿ.ਪੱ.ਨੰ: 6/26/2011-6ਪੀ.ਪੀ.3/2050 ਮਿਤੀ, ਚੰਡੀਗੜ੍ਹ:22-12-2011

=

# Proforma for maintaining Child Care Leave Account

| Period of Child Care Leave Taken | | Balance of Child Care Leave | | Signature and designation of Head of Office/ Certifying Officer |
|---|---|---|---|---|
| From | To | Balance | Date | |
| (1) | (2) | (3) | (4) | (5) |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |